State of California
Office of the Attorney General

**ROB BONTA**
*ATTORNEY GENERAL*

12 ਮਾਰਚ, 2026

ਵਿਸ਼ਾ: <u>ਅਸੈਂਬਲੀ ਬਿੱਲ 2454 – ਕਿਰਾਏ ਦੇ ਮਕਾਨਾਂ ਲਈ ਪੀਣ ਵਾਲੇ ਪਾਣੀ ਦੇ ਖੂਹ ਦੀ ਜਾਂਚ ਸੰਬੰਧੀ ਲੋੜਾਂ</u>

ਸਤਿਕਾਰਯੋਗ ਪੀਣ ਵਾਲੀ ਵਾਲੇ ਪਾਣੀ ਦੇ ਨਿੱਜੀ ਖੂਹਾਂ ਵਾਲੇ ਮਾਲਕ-ਮਕਾਨ ਅਤੇ ਕਿਰਾਏਦਾਰ:

ਮੈਂ ਇਹ ਲਾਗੂਕਰਨ ਵਾਲਾ ਸਲਾਹ-ਪੱਤਰ ਉਹਨਾਂ ਮਾਲਕ-ਮਕਾਨਾਂ ਨੂੰ ਅਸੈਂਬਲੀ ਬਿੱਲ 2454 (2024) (“AB 2454”) ਦੇ ਤਹਿਤ ਸਥਾਪਿਤ ਕੀਤੀਆਂ ਲੋੜਾਂ ਬਾਰੇ ਯਾਦ ਦਿਵਾਉਣ ਲਈ ਜਾਰੀ ਕਰ ਰਿਹਾ ਹਾਂ, ਜਿਨ੍ਹਾਂ ਦੀਆਂ ਜਾਇਦਾਦਾਂ 'ਤੇ ਪੀਣ ਵਾਲੇ ਪਾਣੀ ਦੇ ਖੂਹ ਹਨ, ਇਹ ਲੋੜਾਂ ਸਿਹਤ ਅਤੇ ਸੁਰੱਖਿਆ ਸੰਹਿਤਾ ਦੀ ਧਾਰਾ 116688 ਵਿੱਚ ਦਰਜ ਹਨ, ਅਤੇ ਇਸ ਦਾ ਉਦੇਸ਼ ਕਿਰਾਏਦਾਰਾਂ ਨੂੰ ਉਹਨਾਂ ਦੇ ਅਧਿਕਾਰਾਂ ਨੂੰ ਸਮਝਣ ਵਿੱਚ ਮਦਦ ਕਰਨਾ ਵੀ ਹੈ। ਕੈਲੀਫ਼ੋਰਨੀਆ ਦੇ ਮੁੱਖ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ (Chief Law Enforcement Officer) ਵਜੋਂ, ਮੇਰੇ ਕੋਲ AB 2454 ਸਮੇਤ ਕੈਲੀਫ਼ੋਰਨੀਆ ਦੇ ਕਾਨੂੰਨਾਂ ਨੂੰ ਲਾਗੂ ਕਰਨ ਦਾ ਵਿਆਪਕ ਅਧਿਕਾਰ ਹੈ। AB 2454 ਦਾ ਪੂਰਾ ਵੇਰਵਾ ਇਸ ਵੈੱਬਸਾਈਟ 'ਤੇ ਉਪਲਬਧ ਹੈ: https://leginfo.legislature.ca.gov/faces/billNavClient.xhtml?bill_id=202320240AB2454.

AB 2454 ਉਹਨਾਂ ਮਾਲਕ-ਮਕਾਨਾਂ 'ਤੇ ਲਾਗੂ ਹੁੰਦਾ ਹੈ ਜੋ ਪੀਣ ਵਾਲੇ ਪਾਣੀ ਦੇ ਨਿੱਜੀ ਖੂਹਾਂ (ਜਿਨ੍ਹਾਂ ਨੂੰ "ਘਰੇਲੂ ਖੂਹ" ਵੀ ਕਿਹਾ ਜਾਂਦਾ ਹੈ) ਵਾਲੀਆਂ ਜਾਇਦਾਦਾਂ ਦੇ ਮਾਲਕ ਹਨ, ਜੇਕਰ ਉਹ ਕੈਲੀਫ਼ੋਰਨੀਆ ਰਾਜ ਜਲ ਸਰੋਤ ਨਿਯੰਤਰਣ ਬੋਰਡ ("ਰਾਜ ਜਲ ਬੋਰਡ") ਜਾਂ ਖੇਤਰੀ ਜਲ ਗੁਣਵੱਤਾ ਨਿਯੰਤਰਣ ਬੋਰਡ ("ਖੇਤਰੀ ਜਲ ਬੋਰਡ") ਦੁਆਰਾ ਸਥਾਪਿਤ ਜਾਂ ਫੰਡ ਕੀਤੇ ਗਏ ਮੁਫ਼ਤ ਖੂਹ ਜਾਂਚ ਪ੍ਰੋਗਰਾਮਾਂ ਲਈ ਯੋਗ ਹਨ।[1] AB 2454 ਦੇ ਤਹਿਤ ਖੂਹਾਂ ਵਾਲੇ ਮਾਲਕ-ਮਕਾਨਾਂ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਖੇਤਰ ਵਿੱਚ ਉਪਲਬਧ ਖੂਹਾਂ ਦੀ ਮੁਫ਼ਤ ਜਾਂਚ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਅਤੇ, ਜਿੱਥੇ ਲਾਗੂ ਹੋਵੇ, ਕਿਰਾਏਦਾਰਾਂ ਨੂੰ ਪੀਣ ਵਾਲੇ ਸੁਰੱਖਿਅਤ ਪਾਣੀ ਤੱਕ ਪਹੁੰਚ ਪ੍ਰਦਾਨ ਕਰਨ। ਰਾਜ ਜਲ ਬੋਰਡ ਦੇ 2025 ਦੇ 'ਪੀਣ ਵਾਲੇ ਪਾਣੀ ਦੀਆਂ ਲੋੜਾਂ ਦੇ ਮੁਲਾਂਕਣ' ਵਿੱਚ ਪਾਇਆ ਗਿਆ ਹੈ ਕਿ ਲਗਭਗ ਇੱਕ-ਤਿਹਾਈ ਨਿੱਜੀ ਖੂਹਾਂ ਵਿੱਚ ਪੀਣ ਵਾਲੇ ਪਾਣੀ ਦੇ ਮਿਆਰਾਂ ਦੀ ਉਲੰਘਣਾ ਹੋਣ ਦਾ ਖ਼ਤਰਾ ਹੈ।[2] ਰਾਜ ਜਲ ਬੋਰਡ ਅਤੇ ਖੇਤਰੀ ਜਲ ਬੋਰਡ ਖਾਸ ਤੌਰ 'ਤੇ ਸੈਂਟਰਲ ਵੈਲੀ ਵਰਗੇ ਮਹੱਤਵਪੂਰਨ ਪਾਣੀ ਦੇ ਪ੍ਰਦੂਸ਼ਣ ਵਾਲੇ ਖੇਤਰਾਂ ਵਿੱਚ ਮੁਫ਼ਤ ਘਰੇਲੂ ਖੂਹਾਂ ਦੀ ਜਾਂਚ ਅਤੇ ਪੀਣ ਵਾਲਾ ਸੁਰੱਖਿਅਤ ਪਾਣੀ ਮੁਹੱਈਆ ਕਰਵਾਉਣ ਦੇ ਪ੍ਰੋਗਰਾਮ ਚਲਾਉਂਦੇ ਹਨ। AB 2454 ਦੇ ਅਨੁਸਾਰ ਕਿਰਾਏ ਦੀ ਜਾਇਦਾਦ ਨੂੰ ਪਾਣੀ ਦੀ ਸਪਲਾਈ ਕਰਨ ਵਾਲੇ ਖੂਹਾਂ ਦੇ ਮਾਲਕ-ਮਕਾਨਾਂ ਲਈ ਇਹਨਾਂ ਮੁਫ਼ਤ ਜਾਂਚ ਅਤੇ ਪਾਣੀ ਦੀ ਸਪਲਾਈ ਦੀਆਂ ਕੋਸ਼ਿਸ਼ਾਂ ਵਿੱਚ ਹਿੱਸਾ ਲੈਣਾ ਲਾਜ਼ਮੀ ਹੈ, ਤਾਂ ਜੋ ਕਿਰਾਏਦਾਰ ਇਹਨਾਂ ਪ੍ਰੋਗਰਾਮਾਂ ਦਾ ਲਾਭ ਉਠਾ ਸਕਣ। ਜੇਕਰ ਕਿਰਾਏਦਾਰਾਂ ਦਾ ਖੂਹ ਸੁਰੱਖਿਅਤ ਮਿਆਰਾਂ, ਜਿਨ੍ਹਾਂ ਨੂੰ "ਪੀਣ ਵਾਲੇ ਪਾਣੀ ਦੇ ਮੁੱਢਲੇ ਮਿਆਰ" ਵਜੋਂ ਜਾਣਿਆ ਜਾਂਦਾ ਹੈ, ਤੋਂ ਵੱਧ ਪ੍ਰਦੂਸ਼ਿਤ ਪਾਇਆ ਜਾਂਦਾ ਹੈ, ਤਾਂ ਉਹ ਮੁਫ਼ਤ ਬਦਲਵੇਂ ਪੀਣ ਵਾਲੇ ਪਾਣੀ ਜਾਂ ਹੋਰ ਪ੍ਰੋਗਰਾਮਾਂ ਲਈ ਯੋਗ ਹੋ ਸਕਦੇ ਹਨ ਜੋ ਸਾਫ਼ ਪੀਣ ਵਾਲਾ ਪਾਣੀ ਪ੍ਰਦਾਨ ਕਰਦੇ ਹਨ।[3]

ਸੰਬੰਧਤ ਖੇਤਰਾਂ ਵਿੱਚ ਨਿੱਜੀ ਖੂਹਾਂ ਵਾਲੇ ਮਾਲਕ-ਮਕਾਨਾਂ ਲਈ ਇਹਨਾਂ ਜਾਂਚ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਬਹੁਤ ਮਹੱਤਵਪੂਰਨ ਹੈ। AB 2454 ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਾ ਕੈਲੀਫ਼ੋਰਨੀਆ ਦੇ 'ਗੈਰ-ਵਾਜਬ ਮੁਕਾਬਲਾ ਕਾਨੂੰਨ', ਕਾਰੋਬਾਰ ਅਤੇ ਪੇਸ਼ੇਵਰ ਸੰਹਿਤਾ ਦੀ ਧਾਰਾ 17200, ਅਤੇ ਸੰਭਾਵਿਤ ਤੌਰ 'ਤੇ ਹੋਰ ਕਾਨੂੰਨਾਂ ਦੀ ਉਲੰਘਣਾ ਹੈ। ਇਸ ਅਨੁਸਾਰ, ਜੇਕਰ AB 2454 ਦੀ ਪਾਲਣਾ ਨਹੀਂ ਕੀਤੀ ਜਾਂਦੀ, ਤਾਂ ਮੇਰਾ ਦਫ਼ਤਰ ਲਾਗੂ ਕਰਨ ਸੰਬੰਧੀ ਕਾਰਵਾਈ ਸ਼ੁਰੂ ਕਰ ਸਕਦਾ ਹੈ ਜਿਸ ਵਿੱਚ ਸਿਵਲ ਜੁਰਮਾਨੇ, ਹਰਜਾਨਾ, ਕਾਨੂੰਨੀ ਰਾਹਤ, ਅਤੇ ਹੋਰ ਉਪਲਬਧ ਕਾਨੂੰਨੀ ਉਪਚਾਰ ਸ਼ਾਮਲ ਹੋ ਸਕਦੇ ਹਨ।[4]

## I. ਖੂਹ ਦੀ ਜਾਂਚ ਦੀ ਮਹੱਤਤਾ

AB 2454 ਉਹਨਾਂ ਕਿਰਾਏ ਦੀਆਂ ਜਾਇਦਾਦਾਂ 'ਤੇ ਲਾਗੂ ਹੁੰਦਾ ਹੈ ਜਿੱਥੇ ਘਰੇਲੂ ਖੂਹਾਂ ਰਾਹੀਂ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ।[5] "ਘਰੇਲੂ ਖੂਹ" ਤੋਂ ਭਾਵ ਜ਼ਮੀਨੀ ਪਾਣੀ ਦੇ ਉਸ ਖੂਹ ਤੋਂ ਹੈ ਜੋ ਕਿਸੇ ਰਿਹਾਇਸ਼ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਕਰਦਾ ਹੈ ਅਤੇ ਜਿਸ ਦੇ ਚਾਰ ਤੱਕ ਕਨੈਕਸ਼ਨ ਹਨ।[6] ਘਰੇਲੂ ਖੂਹ ਆਮ ਤੌਰ 'ਤੇ ਪੇਂਡੂ ਖੇਤਰਾਂ ਵਿੱਚ ਸਥਿਤ ਹੁੰਦੇ ਹਨ।[7] ਇਤਿਹਾਸਕ ਤੌਰ 'ਤੇ, ਇਹ ਖੂਹ ਰਾਜ ਦੀ ਰੈਗੂਲੇਟਰੀ ਨਿਗਰਾਨੀ ਦੇ ਅਧੀਨ ਨਹੀਂ ਰਹੇ ਹਨ, ਜਿਸਦੇ ਨਤੀਜੇ ਵਜੋਂ ਵਸਨੀਕ ਅਕਸਰ ਬਿਨਾਂ ਜਾਂਚ ਕੀਤੇ ਪਾਣੀ ਪੀਂਦੇ ਹਨ। ਸੈਂਟਰਲ ਵੈਲੀ ਅਤੇ ਸੈਂਟਰਲ ਕੋਸਟ ਖੇਤਰ ਜ਼ਮੀਨੀ ਪਾਣੀ ਦੇ ਪ੍ਰਦੂਸ਼ਣ ਤੋਂ ਕਾਫ਼ੀ ਪ੍ਰਭਾਵਿਤ ਹਨ। ਜਲ ਬੋਰਡ ਨੇ ਫਰਿਜ਼ਨੋ (Fresno), ਸੈਨ ਜੋਕੁਇਨ (San Joaquin), ਸੋਨੋਮਾ (Sonoma), ਅਤੇ ਤੁਲਾਰੇ (Tulare) ਕਾਉਂਟੀਆਂ ਦੀ ਪਛਾਣ ਕੀਤੀ ਹੈ ਜਿੱਥੇ ਪਾਣੀ ਦੀ ਗੁਣਵੱਤਾ ਦੇ ਜੋਖਮਾਂ ਵਾਲੇ ਘਰੇਲੂ ਖੂਹਾਂ ਦੀ ਗਿਣਤੀ ਸਭ ਤੋਂ ਵੱਧ ਹੈ।[8]

ਘਰੇਲੂ ਖੂਹਾਂ ਵਿੱਚ ਪਛਾਣੇ ਗਏ ਮੁੱਖ ਪ੍ਰਦੂਸ਼ਕਾਂ ਵਿੱਚ ਉਹ ਪ੍ਰਦੂਸ਼ਕ ਸ਼ਾਮਲ ਹਨ ਜਿਨ੍ਹਾਂ ਨੂੰ ਸਿਹਤ ਦੇ ਜੋਖਮਾਂ ਕਾਰਨ ਨਗਰਪਾਲਿਕਾ ਦੇ ਪਾਣੀ ਦੇ ਸਰੋਤਾਂ ਲਈ ਨਿਯੰਤ੍ਰਿਤ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਨਾਈਟਰੇਟ (ਜੋ ਥਾਇਰਾਇਡ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਅਤੇ ਪ੍ਰਜਨਨ ਤੇ ਵਿਕਾਸ ਸੰਬੰਧੀ ਪ੍ਰਭਾਵ ਪਾ ਸਕਦਾ ਹੈ[9]), ਆਰਸੈਨਿਕ (ਕੈਂਸਰ[10]), 1,2,3-ਟ੍ਰਾਈਕਲੋਰੋਪ੍ਰੋਪੇਨ (ਕੈਂਸਰ[11]), ਗ੍ਰਾਸ ਅਲਫ਼ਾ (ਕੈਂਸਰ[12]), ਯੂਰੇਨੀਅਮ (ਗੁਰਦੇ ਦੀ ਬਿਮਾਰੀ[13]), ਅਤੇ ਹੈਕਸਾਵੈਲੈਂਟ ਕਰੋਮੀਅਮ (ਕੈਂਸਰ) ਸ਼ਾਮਲ ਹਨ।[14] ਘੱਟ ਆਮਦਨ ਵਾਲੇ ਭਾਈਚਾਰੇ ਅਤੇ ਗੈਰ-ਗੋਰੇ ਨਸਲਾਂ ਦੇ ਭਾਈਚਾਰੇ ਗੈਰ-ਅਨੁਪਾਤਕ ਤੌਰ 'ਤੇ ਨਾਈਟਰੇਟ ਅਤੇ ਹੋਰ ਪ੍ਰਦੂਸ਼ਕਾਂ ਨਾਲ ਦੂਸ਼ਿਤ ਪੀਣ ਵਾਲੇ ਪਾਣੀ ਦੇ ਸੰਪਰਕ ਵਿੱਚ ਆਉਂਦੇ ਹਨ।[15] ਉਦਾਹਰਨ ਲਈ, ਕੈਲੀਫ਼ੋਰਨੀਆ ਦੀ ਸੈਨ ਜੋਕੁਇਨ ਵੈਲੀ ਵਿੱਚ, ਕਿਰਾਏਦਾਰ ਅਤੇ ਲਾਤੀਨੋ ਪਰਿਵਾਰਾਂ ਦੁਆਰਾ ਦੂਜੀਆਂ ਆਬਾਦੀਆਂ ਦੇ ਮੁਕਾਬਲੇ ਨਾਈਟਰੇਟ ਨਾਲ ਦੂਸ਼ਿਤ ਪਾਣੀ ਦੇ ਸਰੋਤਾਂ ਦੀ ਵਰਤੋਂ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।[16] ਖਾਸ ਤੌਰ 'ਤੇ ਪ੍ਰਵਾਸੀ ਖੇਤ ਮਜ਼ਦੂਰਾਂ ਲਈ, ਪੀਣ ਵਾਲੇ ਸੁਰੱਖਿਅਤ ਪਾਣੀ ਦੀ ਘਾਟ ਹੋਰ ਸਿਹਤ ਖ਼ਤਰਿਆਂ ਨੂੰ ਵਧਾ ਦਿੰਦੀ ਹੈ, ਜਿਵੇਂ ਕਿ ਘਟੀਆ ਦਰਜੇ ਦੀ ਰਿਹਾਇਸ਼ ਅਤੇ ਖੇਤਾਂ ਵਿੱਚ ਕੀਟਨਾਸ਼ਕਾਂ ਦਾ ਸੰਪਰਕ।[17]

## II. ਮੁਫ਼ਤ ਖੂਹ ਜਾਂਚ ਪ੍ਰੋਗਰਾਮ

AB 2454 ਉਹਨਾਂ ਕਿਰਾਏ ਦੀਆਂ ਜਾਇਦਾਦਾਂ 'ਤੇ ਲਾਗੂ ਹੁੰਦਾ ਹੈ ਜੋ ਰਾਜ ਜਲ ਬੋਰਡ ਜਾਂ ਖੇਤਰੀ ਜਲ ਬੋਰਡ ਦੁਆਰਾ ਸੰਚਾਲਿਤ, ਸਥਾਪਿਤ ਜਾਂ ਫੰਡ ਕੀਤੇ ਗਏ ਮੁਫ਼ਤ ਖੂਹ ਜਾਂਚ ਪ੍ਰੋਗਰਾਮਾਂ ਲਈ ਯੋਗ ਹਨ।[18] AB 2454 ਲਈ ਰਾਜ ਜਲ ਬੋਰਡ ਦੀ ਵੈੱਬਸਾਈਟ https://www.waterboards.ca.gov/drinking_water/certlic/drinkingwater/private-domestic-well-testing.html 'ਤੇ ਉਪਲਬਧ ਹੈ, ਜਿਸ ਵਿੱਚ ਮਾਲਕ-ਮਕਾਨਾਂ ਅਤੇ ਕਿਰਾਏਦਾਰਾਂ ਲਈ ਉਹਨਾਂ ਦੇ ਇਲਾਕਿਆਂ ਵਿੱਚ ਉਪਲਬਧ ਪ੍ਰੋਗਰਾਮਾਂ ਦਾ ਇੱਕ ਨਕਸ਼ਾ ਅਤੇ ਡਾਇਰੈਕਟਰੀ ਸ਼ਾਮਲ ਹੈ। ਇਹ ਖੂਹ ਜਾਂਚ ਪ੍ਰੋਗਰਾਮ ਸਰਕਾਰੀ ਏਜੰਸੀਆਂ ਅਤੇ/ਜਾਂ ਗੈਰ-ਮੁਨਾਫ਼ਾ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਹਨ। ਹਰੇਕ ਪ੍ਰੋਗਰਾਮ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਸੇਵਾਵਾਂ ਵੱਖ-ਵੱਖ ਹਨ: ਕੁਝ ਪ੍ਰੋਗਰਾਮ ਸਿਰਫ਼ ਖੂਹ ਦੇ ਪਾਣੀ ਦੀ ਜਾਂਚ ਸੇਵਾਵਾਂ ਪ੍ਰਦਾਨ ਕਰਦੇ ਹਨ; ਕੁਝ ਅੰਤਰਿਮ ਪੀਣ ਵਾਲੇ ਪਾਣੀ ਦੀ ਸਪਲਾਈ (ਬੋਤਲਬੰਦ ਪਾਣੀ, ਟੈਂਕਰ ਰਾਹੀਂ ਪਾਣੀ, ਵਰਤੋਂ ਵਾਲੀ ਥਾਂ 'ਤੇ ਫਿਲਟਰੇਸ਼ਨ ਸਿਸਟਮ,

ਵਾਟਰ ਰਿਫਿਲ ਸਟੇਸ਼ਨ ਕਿਓਸਕ) ਪ੍ਰਦਾਨ ਕਰਦੇ ਹਨ; ਕੁਝ ਖੂਹ ਦੇ ਰੱਖ-ਰਖਾਅ ਅਤੇ ਮੁਰੰਮਤ ਦੇ ਵਿਕਲਪ ਪ੍ਰਦਾਨ ਕਰਦੇ ਹਨ; ਅਤੇ ਕਈ ਇਹਨਾਂ ਸੇਵਾਵਾਂ ਦਾ ਸੁਮੇਲ ਪ੍ਰਦਾਨ ਕਰਦੇ ਹਨ। ਇਹਨਾਂ ਪ੍ਰੋਗਰਾਮਾਂ ਬਾਰੇ ਸੰਪਰਕ ਜਾਣਕਾਰੀ ਅਤੇ ਵੇਰਵੇ ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ 'ਟੈਸਟਿੰਗ ਪ੍ਰੋਗਰਾਮ ਡਾਇਰੈਕਟਰੀ' ਵਿੱਚ ਉਪਲਬਧ ਹਨ।

## III. ਜੇਕਰ ਯੋਗ ਹੋਵੇ, ਤਾਂ ਮਾਲਕ-ਮਕਾਨਾਂ ਲਈ ਮੁਫ਼ਤ ਖੂਹ ਜਾਂਚ ਵਿੱਚ ਹਿੱਸਾ ਲੈਣਾ ਅਤੇ ਕਿਰਾਏਦਾਰਾਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ ਲਾਜ਼ਮੀ ਹੈ, ਨਹੀਂ ਤਾਂ ਉਹਨਾਂ ਨੂੰ ਲਾਗੂ ਕਰਨ ਦੀਆਂ ਕਾਰਵਾਈਆਂ ਦਾ ਸਾਹਮਣਾ ਕਰਨਾ ਪਵੇਗਾ

ਖੂਹਾਂ ਵਾਲੇ ਮਾਲਕ-ਮਕਾਨਾਂ ਲਈ ਆਪਣੇ ਖੂਹਾਂ ਦੀ ਜਾਂਚ ਕਰਵਾਉਣੀ *ਲਾਜ਼ਮੀ* ਹੈ ਜੇਕਰ ਉਹ ਰਾਜ ਜਲ ਬੋਰਡ ਜਾਂ ਖੇਤਰੀ ਜਲ ਬੋਰਡ ਦੁਆਰਾ ਸਥਾਪਿਤ ਜਾਂ ਫੰਡ ਕੀਤੇ ਗਏ ਕਿਸੇ ਮੁਫ਼ਤ ਪ੍ਰੋਗਰਾਮ ਲਈ ਯੋਗ ਹਨ ਅਤੇ ਉਸ ਪ੍ਰੋਗਰਾਮ ਵਿੱਚ ਸਮਰੱਥਾ ਉਪਲਬਧ ਹੈ।[19] ਆਪਣੀ ਯੋਗਤਾ ਦੀ ਜਾਂਚ ਕਰਨ ਲਈ, ਮਾਲਕ-ਮਕਾਨਾਂ ਨੂੰ ਉਪਰੋਕਤ ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ ਜਾਣਾ ਚਾਹੀਦਾ ਹੈ, ਜਿਸ ਵਿੱਚ ਨਿਯਮਤ ਤੌਰ 'ਤੇ ਅਪਡੇਟ ਕੀਤੀ ਜਾਣ ਵਾਲੀ ਡਾਇਰੈਕਟਰੀ ਸ਼ਾਮਲ ਹੁੰਦੀ ਹੈ। ਮਾਲਕ-ਮਕਾਨਾਂ ਨੂੰ ਲਾਗੂ ਹੋਣ ਵਾਲੇ ਮੁਫ਼ਤ ਪ੍ਰੋਗਰਾਮ ਦੇ ਅਧੀਨ ਆਉਣ ਵਾਲੇ ਪੀਣ ਵਾਲੇ ਪਾਣੀ ਦੇ ਸਾਰੇ ਪ੍ਰਦੂਸ਼ਕਾਂ ਦੀ ਜਾਂਚ ਲਈ ਬੇਨਤੀ ਕਰਨੀ ਚਾਹੀਦੀ ਹੈ,[20] ਅਤੇ ਜਾਂਚ ਉਨੀ ਵਾਰ ਕਰਵਾਉਣੀ ਚਾਹੀਦੀ ਹੈ ਜਿੰਨੀ ਪ੍ਰੋਗਰਾਮ ਦੁਆਰਾ ਸਿਫ਼ਾਰਸ਼ ਕੀਤੀ ਗਈ ਹੋਵੇ।[21] ਇਸ ਜਾਂਚ ਦੇ ਹਿੱਸੇ ਵਜੋਂ, ਮਾਲਕ-ਮਕਾਨਾਂ ਨੂੰ ਜਾਂਚ ਪ੍ਰਯੋਗਸ਼ਾਲਾ ਦੁਆਰਾ ਰਾਜ ਜਲ ਬੋਰਡ ਅਤੇ/ਜਾਂ ਸਥਾਨਕ ਏਜੰਸੀਆਂ ਨੂੰ ਨਤੀਜੇ ਜਮ੍ਹਾਂ ਕਰਵਾਉਣ ਲਈ ਸਹਿਮਤੀ ਦੇਣੀ ਚਾਹੀਦੀ ਹੈ।[22] ਜੇਕਰ ਇੱਕ ਤੋਂ ਵੱਧ ਜਾਂਚ ਪ੍ਰੋਗਰਾਮ ਉਪਲਬਧ ਹੋਣ, ਤਾਂ ਮਾਲਕ-ਮਕਾਨਾਂ ਲਈ ਸਾਰੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਾ ਜ਼ਰੂਰੀ *ਨਹੀਂ* ਹੈ—AB 2454 ਦੀ ਪਾਲਣਾ ਕਰਨ ਲਈ ਇੱਕ ਸਮੇਂ ਵਿੱਚ ਇੱਕ ਹੀ ਪ੍ਰੋਗਰਾਮ ਵਿੱਚ ਭਾਗੀਦਾਰੀ ਕਾਫ਼ੀ ਹੈ।[23] ਜੇਕਰ ਕੋਈ ਕਿਰਾਏਦਾਰ ਮੁਫ਼ਤ ਜਾਂਚ ਪ੍ਰੋਗਰਾਮ ਲਈ ਯੋਗ ਹੈ ਪਰ ਮਾਲਕ-ਮਕਾਨ ਨਹੀਂ ਹੈ, ਤਾਂ ਮਾਲਕ-ਮਕਾਨ ਨੂੰ ਕਿਰਾਏਦਾਰ ਦੀ ਤਰਫ਼ੋਂ ਜਾਂਚ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਚਾਹੀਦਾ ਹੈ, ਜਦੋਂ ਤੱਕ ਕਿ ਜਾਂਚ ਪ੍ਰੋਗਰਾਮ ਦੁਆਰਾ ਅਜਿਹਾ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ।[24]

ਖੂਹ ਦੇ ਜਾਂਚ ਨਤੀਜੇ ਪ੍ਰਾਪਤ ਕਰਨ ਤੋਂ ਬਾਅਦ, ਮਾਲਕ-ਮਕਾਨਾਂ ਨੂੰ 10 ਦਿਨਾਂ ਦੇ ਅੰਦਰ ਮੌਜੂਦਾ ਨਿਵਾਸੀਆਂ ਨਾਲ ਨਤੀਜੇ ਸਾਂਝੇ ਕਰਨੇ ਚਾਹੀਦੇ ਹਨ।[25] ਮਾਲਕ-ਮਕਾਨ ਨੂੰ ਕਿਰਾਏਦਾਰ ਨੂੰ ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ ਦਿੱਤੀ ਗਈ ਉਹ ਜਾਣਕਾਰੀ ਵੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਨਤੀਜਿਆਂ ਨੂੰ ਪੜ੍ਹਨ ਅਤੇ ਸਮਝਣ ਬਾਰੇ ਹੈ।[26]

ਇੱਥੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ AB 2454 ਮਾਲਕ-ਮਕਾਨਾਂ ਨੂੰ ਮੁਫ਼ਤ ਘਰੇਲੂ ਖੂਹ ਜਾਂਚ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਕਹਿੰਦਾ ਹੈ ਅਤੇ ਖੂਹ ਦੀ ਜਾਂਚ ਲਈ ਭੁਗਤਾਨ ਕਰਨ ਦੀ ਕੋਈ ਸ਼ਰਤ ਨਹੀਂ ਰੱਖਦਾ। ਜੇਕਰ ਜਾਂਚ ਵਿੱਚ ਪਾਣੀ ਦਾ ਪ੍ਰਦੂਸ਼ਣ ਸੁਰੱਖਿਅਤ ਪੱਧਰ ਤੋਂ ਵੱਧ ਪਾਇਆ ਜਾਂਦਾ ਹੈ, ਤਾਂ ਮਾਲਕ-ਮਕਾਨਾਂ ਨੂੰ ਕਿਰਾਏਦਾਰਾਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਿਸੇ ਮੁਫ਼ਤ ਪ੍ਰੋਗਰਾਮ ਵਿੱਚ ਹਿੱਸਾ ਲੈਣਾ ਚਾਹੀਦਾ ਹੈ, ਜੇ ਕੋਈ ਉਪਲਬਧ ਹੋਵੇ), ਇਸ ਵਿੱਚ ਸ਼ਾਮਲ ਹੋ ਸਕਦੇ ਹਨ, ਉਦਾਹਰਨ ਲਈ, ਅਜਿਹਾ ਪ੍ਰੋਗਰਾਮ ਜੋ ਬੋਤਲਬੰਦ ਪਾਣੀ ਦੀ ਸਪਲਾਈ ਕਰਦਾ ਹੈ, ਪਾਣੀ ਵਿੱਚੋਂ ਪ੍ਰਦੂਸ਼ਕਾਂ ਨੂੰ ਹਟਾਉਂਦਾ ਹੈ, ਜਾਂ ਖੂਹਾਂ ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਦੇ ਹੋਰ ਸਰੋਤਾਂ ਨਾਲ ਜੋੜਦਾ ਹੈ। ਇਹਨਾਂ ਪ੍ਰੋਗਰਾਮਾਂ ਦਾ ਵੇਰਵਾ ਰਾਜ ਜਲ ਬੋਰਡ ਦੀ ਵੈੱਬਸਾਈਟ 'ਤੇ ਦਿੱਤਾ ਗਿਆ ਹੈ।

AB 2454 ਦੀ ਉਲੰਘਣਾ ਕਰਨ 'ਤੇ ਰਾਜ ਜਲ ਬੋਰਡ ਦੇ ਆਦੇਸ਼ਾਂ ਜਾਂ ਉਲੰਘਣਾ ਦੇ ਹਰੇਕ ਦਿਨ ਲਈ $1,000 ਤੱਕ ਦਾ ਜੁਰਮਾਨਾ ਲੱਗ ਸਕਦਾ ਹੈ।[27] ਅਟਾਰਨੀ ਜਨਰਲ ਜਾਂ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਕੈਲੀਫ਼ੋਰਨੀਆ ਦੇ 'ਗੈਰ-ਵਾਜਬ ਮੁਕਾਬਲਾ ਕਾਨੂੰਨ' ਦੇ ਅਧੀਨ ਅਗਲੀ ਲਾਗੂ ਕਰਨ ਦੀ ਕਾਰਵਾਈ ਦੇ ਨਤੀਜੇ ਵਜੋਂ ਅਦਾਲਤੀ ਰੋਕ, ਹਰਜਾਨਾ, ਅਤੇ/ਜਾਂ ਹਰੇਕ ਉਲੰਘਣਾ ਲਈ $2,500 ਤੱਕ ਦਾ ਸਿਵਲ ਜੁਰਮਾਨਾ ਲੱਗ ਸਕਦਾ ਹੈ।[28]

## IV. ਕਿਰਾਏਦਾਰਾਂ ਦੇ ਅਧਿਕਾਰ


ਮੁਫ਼ਤ ਪ੍ਰੋਗਰਾਮਾਂ ਦੇ ਅਧੀਨ ਆਉਂਦੇ ਖੇਤਰਾਂ ਵਿੱਚ ਰਹਿਣ ਵਾਲੇ ਅਤੇ ਘਰੇਲੂ ਪੀਣ ਵਾਲੇ ਪਾਣੀ ਦੇ ਖੂਹਾਂ 'ਤੇ ਨਿਰਭਰ ਕਿਰਾਏਦਾਰ ਆਪਣੇ ਮਾਲਕ-ਮਕਾਨਾਂ ਨੂੰ ਇਸ ਸਲਾਹ-ਪੱਤਰ ਵਿੱਚ ਦੱਸੇ ਗਏ ਲਾਗੂ ਹੋਣ ਵਾਲੇ ਮੁਫ਼ਤ ਜਾਂਚ ਅਤੇ ਸਾਫ਼ ਪੀਣ ਵਾਲੇ ਪਾਣੀ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਦੀ ਉਹਨਾਂ ਦੀ ਜ਼ਿੰਮੇਵਾਰੀ ਬਾਰੇ ਯਾਦ ਦਿਵਾ ਸਕਦੇ ਹਨ। AB 2454 ਮਾਲਕ-ਮਕਾਨਾਂ ਨੂੰ ਇਸ ਕਾਨੂੰਨ ਦੀਆਂ ਲੋੜਾਂ ਦੇ ਨਤੀਜੇ ਵਜੋਂ ਕਿਰਾਏਦਾਰ 'ਤੇ ਕੋਈ ਵੀ ਚਾਰਜ, ਫੀਸ ਜਾਂ ਕਿਰਾਏ ਵਿੱਚ ਵਾਧਾ ਕਰਨ ਤੋਂ ਰੋਕਦਾ ਹੈ।[29] ਮਾਲਕ-ਮਕਾਨਾਂ ਨੂੰ ਜਾਂਚ ਦੀ ਬੇਨਤੀ ਕਰਨ ਜਾਂ ਸੁਰੱਖਿਅਤ ਪੀਣ ਵਾਲੇ ਪਾਣੀ ਦੇ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਕਾਰਨ ਕਿਰਾਏਦਾਰਾਂ ਵਿਰੁੱਧ ਕਿਸੇ ਵੀ ਕਿਸਮ ਦੀ ਬਦਲਾਖੋਰੀ ਵਾਲੀ ਕਾਰਵਾਈ ਕਰਨ ਤੋਂ ਵੀ ਰੋਕਿਆ ਗਿਆ ਹੈ।[30]

ਕਿਰਾਏਦਾਰਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਅਟਾਰਨੀ ਜਨਰਲ ਦੇ ਮਾਲਕ-ਮਕਾਨ ਅਤੇ ਕਿਰਾਏਦਾਰ ਮੁੱਦਿਆਂ ਨਾਲ ਸਬੰਧਤ ਵੈੱਬਪੇਜ ਦੀ ਸਮੀਖਿਆ ਕਰਨ,[31] ਜੋ ਬਦਲਾਖੋਰੀ ਅਤੇ ਵਿਤਕਰੇ ਵਿਰੁੱਧ ਕਿਰਾਏਦਾਰਾਂ ਦੀ ਸੁਰੱਖਿਆ ਦਾ ਹੋਰ ਵੇਰਵਾ ਦਿੰਦਾ ਹੈ।

## V. ਸਿੱਟਾ

ਮੈਂ ਉਹਨਾਂ ਮਾਲਕ-ਮਕਾਨਾਂ ਨੂੰ ਬੇਨਤੀ ਕਰਦਾ ਹਾਂ ਜਿਨ੍ਹਾਂ ਦੀਆਂ ਜਾਇਦਾਦਾਂ 'ਤੇ ਪੀਣ ਵਾਲੇ ਪਾਣੀ ਦੇ ਖੂਹ ਹਨ, ਕਿ ਉਹ ਕਾਨੂੰਨ ਦੀ ਪਾਲਣਾ ਕਰਨ ਅਤੇ ਜੇਕਰ ਉਹਨਾਂ ਦੇ ਖੇਤਰ ਵਿੱਚ ਕੋਈ ਮੁਫ਼ਤ ਜਾਂਚ ਜਾਂ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦਾ ਹੋਰ ਪ੍ਰੋਗਰਾਮ ਉਪਲਬਧ ਹੈ, ਤਾਂ ਆਪਣੇ ਖੂਹਾਂ ਦੀ ਜਾਂਚ ਜ਼ਰੂਰ ਕਰਵਾਉਣ। ਕੈਲੀਫ਼ੋਰਨੀਆ ਦੇ ਅਟਾਰਨੀ ਜਨਰਲ ਵਜੋਂ ਮੈਂ ਜਨਤਕ ਸਿਹਤ ਅਤੇ ਵਾਤਾਵਰਣ ਨੂੰ ਪਾਣੀ ਦੇ ਪ੍ਰਦੂਸ਼ਣ ਦੇ ਖ਼ਤਰੇ ਤੋਂ ਬਚਾਉਣ ਨੂੰ ਆਪਣੀ ਤਰਜੀਹ ਬਣਾਇਆ ਹੈ, ਅਤੇ ਮੈਂ AB 2454 ਨੂੰ ਉਸ ਤਰਜੀਹ ਨੂੰ ਅੱਗੇ ਵਧਾਉਣ ਲਈ ਇੱਕ ਮਹੱਤਵਪੂਰਨ ਸਾਧਨ ਮੰਨਦਾ ਹਾਂ। ਮੈਂ ਜਨਤਾ ਨੂੰ ਅਪੀਲ ਕਰਦਾ ਹਾਂ ਕਿ ਇਸ ਕਾਨੂੰਨ ਦੀ ਕਿਸੇ ਵੀ ਜਾਣੀ-ਪਛਾਣੀ ਉਲੰਘਣਾ ਦੀ ਰਿਪੋਰਟ ਕਰਨ ਲਈ ਮੇਰੇ ਦਫ਼ਤਰ ਦੇ 'ਬਿਊਰੋ ਆਫ਼ ਇਨਵਾਇਰਨਮੈਂਟਲ ਜਸਟਿਸ' ਨਾਲ EJ@doj.ca.gov 'ਤੇ ਸੰਪਰਕ ਕਰਨ।

ਤਹਿ ਦਿਲੋਂ,



ਰੌਬ ਬੋਂਟਾ (ROB BONTA)
ਅਟਾਰਨੀ ਜਨਰਲ (Attorney General)

*ਹਵਾਲੇ*

---

[1] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ § 116688(a); ਕੈਲੀਫ਼ੋਰਨੀਆ ਰਾਜ ਜਲ ਸਰੋਤ ਨਿਯੰਤਰਣ ਬੋਰਡ (“ਰਾਜ ਜਲ ਬੋਰਡ”), *ਰਾਜ ਅਤੇ ਖੇਤਰੀ ਜਲ ਬੋਰਡ*, https://www.waterboards.ca.gov/waterboards_map.html.

[2] ਰਾਜ ਜਲ ਬੋਰਡ, *ਤੱਥ ਸ਼ੀਟ: 2025 SAFER ਪੀਣ ਵਾਲੇ ਪਾਣੀ ਦੀਆਂ ਲੋੜਾਂ ਦਾ ਮੁਲਾਂਕਣ* (ਜੂਨ 2025), https://www.waterboards.ca.gov/drinking_water/certlic/drinkingwater/documents/needs/2025/2025-needs-factsheet.pdf, 2 'ਤੇ।

[3] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ §§ 116688(e), 116275(c).

[4] ਉਦਾਹਰਣ ਵਜੋਂ, ਕੈਲੀਫ਼ੋਰਨੀਆ ਕਾਰੋਬਾਰ ਅਤੇ ਪੇਸ਼ੇਵਰ ਸੰਹਿਤਾ ਦੀਆਂ ਧਾਰਾਵਾਂ 17203, 17206 ਦੇਖੋ।

[5] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ § 116688(b)(1).

[6] *Id.* § 116681(i).

[7] ਰਾਜ ਜਲ ਬੋਰਡ, *ਨਿੱਜੀ ਘਰੇਲੂ ਖੂਹਾਂ ਦੇ ਮਾਲਕਾਂ ਲਈ ਇੱਕ ਗਾਈਡ* (ਜੂਨ 2025), https://waterboards.ca.gov/gama/docs/wellowner_guide.pdf, 8 'ਤੇ।

[8] ਰਾਜ ਜਲ ਬੋਰਡ, *2025 ਪੀਣ ਵਾਲੇ ਪਾਣੀ ਦੀਆਂ ਲੋੜਾਂ ਦਾ ਮੁਲਾਂਕਣ* (ਜੂਨ 2025), https://www.waterboards.ca.gov/drinking_water/certlic/drinkingwater/documents/needs/2025needsassessment.pdf, 104 'ਤੇ।

[9] ਵਾਤਾਵਰਣ ਸਿਹਤ ਖ਼ਤਰਾ ਮੁਲਾਂਕਣ ਦਫ਼ਤਰ (Office of Environmental Health Hazard Assessment, “OEHHA”), *ਪੀਣ ਵਾਲੇ ਪਾਣੀ ਵਿੱਚ ਨਾਈਟਰੇਟ ਅਤੇ ਨਾਈਟ੍ਰਾਈਟ ਲਈ ਜਨਤਕ ਸਿਹਤ ਟੀਚਾ* (ਮਈ 2018), https://oehha.ca.gov/sites/default/files/media/downloads/water/chemicals/phg/nitratephg051118.pdf, 6 'ਤੇ।

[10] OEHHA, *ਆਰਸੈਨਿਕ ਲਈ ਜਨਤਕ ਸਿਹਤ ਟੀਚਾ* (ਅਪ੍ਰੈਲ 2004), https://oehha.ca.gov/sites/default/files/media/downloads/water/chemicals/arsenicfinalphgfacts.pdf, 1 'ਤੇ।

[11] OEHHA, *1,2,3-ਟ੍ਰਾਈਕਲੋਰੋਪ੍ਰੋਪੇਨ* (2009), https://oehha.ca.gov/chemicals/123-trichloropropane.

[12] OEHHA, *ਪੀਣ ਵਾਲੇ ਪਾਣੀ ਵਿੱਚ ਗ੍ਰਾਸ ਅਲਫ਼ਾ ਕਣ ਹੋਣ ਦੇ ਮਾਪ ਸੰਬੰਧੀ ਸਿਹਤ-ਸੁਰੱਖਿਆ ਦੇ ਪਹਿਲੂ।* (ਦਸੰਬਰ 2003), https://oehha.ca.gov/sites/default/files/media/downloads/water/chemicals/phg/grossalphahealth.pdf, 2 'ਤੇ।

[13] OEHHA, *ਪੀਣ ਵਾਲੇ ਪਾਣੀ ਵਿੱਚ ਰਸਾਇਣਾਂ ਲਈ ਜਨਤਕ ਸਿਹਤ ਟੀਚੇ: ਯੂਰੇਨੀਅਮ* (ਅਗਸਤ 2001), https://oehha.ca.gov/sites/default/files/media/downloads/water/chemicals/phg/uranium801.pdf, 8 'ਤੇ।

[14] OEHHA, *ਕਰੋਮੀਅਮ ਹੈਕਸਾਵੈਲੈਂਟ* (2010), https://oehha.ca.gov/chemicals/chromium-hexavalent.

[15] Laurel A. Schaider et al., *ਵਾਤਾਵਰਣ ਨਿਆਂ ਅਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ: ਕੀ ਅਮਰੀਕਾ ਦੇ ਪੀਣ ਵਾਲੇ ਪਾਣੀ ਵਿੱਚ ਨਾਈਟਰੇਟ ਦੇ ਪੱਧਰਾਂ ਵਿੱਚ ਸਮਾਜਿਕ-ਆਰਥਿਕ ਅਸਮਾਨਤਾਵਾਂ ਮੌਜੂਦ ਹਨ?*, 18 ਵਾਤਾਵਰਣ ਸਿਹਤ, 3 (2019).

[16] Carolina Balazs et al., *ਕੈਲੀਫ਼ੋਰਨੀਆ ਦੀ ਸੈਨ ਜੋਕੁਇਨ ਵੈਲੀ ਵਿੱਚ ਨਾਈਟਰੇਟ-ਦੂਸ਼ਿਤ ਪੀਣ ਵਾਲੇ ਪਾਣੀ ਵਿੱਚ ਸਮਾਜਿਕ ਅਸਮਾਨਤਾਵਾਂ*, 119 ਵਾਤਾਵਰਣ ਸਿਹਤ ਦ੍ਰਿਸ਼ਟੀਕੋਣ 1272 (2011).

[17] Frederico Castillo et al., *ਲਾਤੀਨੋ ਪ੍ਰਵਾਸੀ ਖੇਤ ਮਜ਼ਦੂਰਾਂ ਲਈ ਵਾਤਾਵਰਣ ਸਿਹਤ ਦੇ ਖ਼ਤਰੇ*, 42 ਸਾਲਾਨਾ ਸਮੀਖਿਆ ਜਨਤਕ ਸਿਹਤ 257 (2021).

[18] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ § 116688(a); ਰਾਜ ਜਲ ਬੋਰਡ, *ਰਾਜ ਅਤੇ ਖੇਤਰੀ ਜਲ ਬੋਰਡ*, https://www.waterboards.ca.gov/waterboards_map.html.

[19] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ § 116688(b)(1).

[20] *Id.* § 116688(b)(1)(A).

[21] *Id.* § 116688(b)(1)(B).

[22] *Id.* § 116688(b)(1)(C).

[23] *Id.* § 116688(b)(2).

[24] *Id.* § 116688(b)(3).

[25] *Id.* § 116688(d).

[26] *Ibid.*

[27] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ §§ 116650, 116655.

[28] ਕੈਲੀਫ਼ੋਰਨੀਆ ਕਾਰੋਬਾਰ ਅਤੇ ਪੇਸ਼ੇਵਰ ਸੰਹਿਤਾ § 17200 et seq.

[29] ਕੈਲੀਫ਼ੋਰਨੀਆ ਸਿਹਤ ਅਤੇ ਸੁਰੱਖਿਆ ਸੰਹਿਤਾ § 116688(f).

[30] ਕੈਲੀਫ਼ੋਰਨੀਆ ਸਿਵਲ ਸੰਹਿਤਾ § 1942.5.

[31] ਕੈਲੀਫ਼ੋਰਨੀਆ ਅਟਾਰਨੀ ਜਨਰਲ ਦਫ਼ਤਰ, *ਮਕਾਨ-ਮਾਲਕ ਅਤੇ ਕਿਰਾਏਦਾਰ ਦੇ ਮੁੱਦੇ*, https://oag.ca.gov/tenants.